**ਵਿਸ਼ਾ:- ਮਾਨਸੂਨ ਸੈਸ਼ਨ ਦੌਰਾਨ ਹਾਊਸ ਵਿੱਚ 4K Curved LED Wall ਲਗਵਾਉਣ ਸਬੰਧੀ।**

ਪੰਜਾਬ ਵਿਧਾਨ ਸਭਾ ਦਾ ਮਾਨਸੂਨ ਸ਼ੈਸ਼ਨ 2024 ਲਈ ਮਾਣਯੋਗ ਸਪੀਕਰ ਸਾਹਿਬ ਵੱਲੋਂ 2(4K Curved LED Wall) ਲਗਵਾਉਣ ਲਈ ਓਪਨ ਮਾਰਕੇਟ ਵਿੱਚੋਂ ਕੁਟੇਸ਼ਨਾਂ ਮੰਗਵਾਉਣ ਲਈ ਮਿਤੀ 16.08.2024 ਨੂੰ ਹੁਕਮ ਦਿੱਤੇ ਗਏ ਸਨ ਜਿਸ ਤੇ ਸਕੱਤਰ ਸਾਹਿਬ ਜੀ ਵੱਲੋਂ ਇਨ੍ਹਾਂ ਕੁਟੇਸ਼ਨਾਂ ਨੂੰ ਮੰਗਵਾਉਣ ਲਈ ਈ.ਡੀ. , ਡੀ.ਡੀ.ਓ, ਸਿਸਟਮ ਐਨਾਲਿਸਟ ਅਤੇ ਕੇਅਰ ਟੇਕਰ ਦੀ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਦੀ ਮਿਤੀ 16.08.2024 ਨੂੰ ਦੁਪਿਹਰ 3:00 ਵਜੇ ਐਡੀਟਰ ਆਫ ਡਿਬੇਟਸ ਦੇ ਕਮਰੇ ਵਿੱਚ ਮੀਟਿੰਗ ਹੋਈ। ਜਿਸ ਵਿੱਚ ਨਿਮਨ ਮੈਂਬਰ ਹਾਜ਼ਰ ਹੋਏ:-

1. ਸ੍ਰੀ ਜਸਵਿੰਦਰ ਸਿੰਘ, ਈ.ਡੀ.
2. ਸ੍ਰੀ ਸੁਜੀਤ ਕੁਮਾਰ, ਸਿਸਟਮ ਐਨਾਲਿਸਟ
3. ਸ੍ਰੀ ਵਿਜੇ ਕੁਮਾਰ, ਕੇਅਰ ਟੇਕਰ

ਇਸ ਮੀਟਿੰਗ ਵਿੱਚ ਨਿਮਨ ਅਨੁਸਾਰ ਫੈਸਲੇ ਲਏ ਗਏ:-

1. ਓਪਨ ਮਾਰਕੇਟ ਤੋਂ ਕਟੇਸ਼ਨਾਂ ਸਕੱਤਰ ਸਾਹਿਬ ਜੀ ਨੂੰ ਸੰਬੋਧਨ ਕਰਦੇ ਹੋਏ ਬੰਦ ਲਫਾਫੇ ਵਿੱਚ ਮੰਗਵਾ ਲਈਆਂ ਜਾਣ ਕਿਉਂਕਿ ਮਾਨਸੂਨ ਸ਼ੈਸ਼ਨ ਮਿਤੀ 02.09.2024 ਤੋਂ ਸ਼ੁਰੂ ਹੋ ਰਿਹਾ ਹੈ।
2. ਕੁਟੇਸ਼ਨਾਂ ਸਬੰਧੀ ਸੂਚਨਾ ਵਿਧਾਨ ਸਭਾ ਦੀ ਵੈੱਬਸਾਈਟ ਦੇ ਨੋਟਿਸ ਸੈਕਸ਼ਨ ਵਿੱਚ ਅਪਲੋਡ ਕਰ ਦਿੱਤੀ ਜਾਵੇ।

**ਕੁਟੇਸ਼ਨਾਂ ਮੰਗਵਾਉਣ ਸਬੰਧੀ ਨਿਮਨ ਸ਼ਰਤਾਂ ਦਰਜ ਕਰ ਲਈਆ ਜਾਣ:**

1. ਵੈਂਡਰ Covered shape video wall ਮਿਤੀ 01.09.2024 ਨੂੰ ਹਰ ਹਾਲਤ ਵਿੱਤ ਹਾਊਸ ਵਿੱਚ install ਕਰਕੇ ਅਤੇ ਉਹਨਾਂ ਨੂੰ Active ਕਰਨਾ ਯਕੀਨੀ ਬਣਾਏਗਾ।
2. ਸਕਰੀਨਾਂ ਨੂੰ ਵਿਧਾਨ ਸਭਾ ਪਹੁੰਚਾਉਣ ਲਈ ਟਰਾਸਪੋਰਟ ਚਾਰਜ਼ਿਸ਼ ਵੈਂਡਰ ਦੇ ਆਪਣੇ ਹੋਣਗੇ।
3. ਪੂਰੇ ਸੈਸ਼ਨ ਦੌਰਾਨ ਸਕਰੀਨਾਂ ਨੂੰ ਨਿਰਵਿਘਨ ਐਕਟੀਵੇਟ ਰੱਖਣ ਦੀ ਜ਼ਿੰਮੇਵਾਰੀ ਵੈਂਡਰਾਂ ਦੀ ਹੋਵੇਗੀ।
4. ਹਰ ਰੋਜ਼ ਸੈਸ਼ਨ ਸ਼ੁਰੂ ਹੋਣ ਤੋਂ ਘੱਟੋ ਘੱਟ 02 ਘੰਟੇ ਪਹਿਲਾਂ ਇਹ ਸਕਰੀਨਾਂ ਐਕਟੀਵੇਟ ਹੋ ਜਾਣੀਆਂ ਚਾਹੀਦੀਆਂ ਹਨ।
5. ਵੈਂਡਰ ਦਾ ਸ਼ੈਸ਼ਨ ਦੌਰਾਨ ਘੱਟੋ-ਘੱਟ ਇੱਕ ਐਕਸਪਰਟ ਵਿਧਾਨ ਸਭਾ ਵਿੱਚ ਮੌਜੂਦ ਰਹੇਗਾ।
6. ਸਕਰੀਨਾ ਦਾ ਸਾਇਜ਼ 8*10 ਫੁੱਟ ਹੋਣਾ ਚਾਹੀਦਾ ਹੈ।
7. ਜਿਸ ਵੈਂਡਰ ਕੋਲ ਇਸ ਸਬੰਧੀ ਕਿਸੇ ਵੀ ਵਿਧਾਨ ਸਭਾ ਵਿੱਚ ਇਹ video wall ਲਗਵਾਉਣ ਦਾ ਤਜਰਬਾ ਹੋਵੇਗਾ ਅਤੇ ਉਸ ਦੇ ਰੇਟ ਘੱਟ ਹੋਣਗੇ, ਉਸ ਨੂੰ ਪਹਿਲ ਦਿੱਤੀ ਜਾਵੇਗੀ।

ਜਿਹੜੇ ਵੈਂਡਰ ਉਕਤ ਸ਼ਰਤਾਂ ਨਾਲ ਸਹਿਮਤ ਹੋਣ, ਉਹਨਾਂ ਦੀਆਂ ਕੁਟੇਸ਼ਨਾਂ ਮਿਤੀ 27 ਅਗਸਤ, 2024 ਸ਼ਾਮ 4 ਵਜੇ ਤੋਂ ਪਹਿਲਾਂ-ਪਹਿਲਾਂ ਰਜਿਸਟਰਡ ਡਾਕ ਰਾਹੀਂ ਸਕੱਤਰ, ਪੰਜਾਬ ਵਿਧਾਨ ਸਭਾ ਨੂੰ ਪਹੁੰਚ ਜਾਣੀਆਂ ਚਾਹੀਦੀਆਂ ਹਨ। ਮਿਤੀ 28.08.2024 ਨੂੰ ਸਵੇਰੇ 11:00 ਵਜੇ ਸਕੱਤਰ ਸਾਹਿਬ ਜੀ ਦੇ ਕਮਰੇ ਵਿੱਚ ਇਹ ਕੁਟੇਸ਼ਨਾਂ ਖੋਲ ਦਿੱਤੀਆਂ ਜਾਣਗੀਆਂ। ਕੁਟੇਸ਼ਨਾਂ ਸਬੰਧੀ ਕੋਈ ਫੈਸਲਾ ਲੈਣ ਦਾ ਆਖਰੀ ਅਧਿਕਾਰ ਸਕੱਤਰ ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਦਾ ਰਾਖਵਾ ਹੋਵੇਗਾ।

19-8-24 19/08/2024 ਵਿਜੇ ਕੁਮਾਰ 19/08/24